# INSTITUTE FOR DEVELOPMENT AND COMMUNICATION

PROTECTION PARTNERSHIP PEACE

# ਸਾਂਝ

## ਕਮਿਊਨਿਟੀ ਅਤੇ ਪੰਜਾਬ ਪੁਲਿਸ ਦਾ ਇਕ ਮਿਲਵਰਤਣ

PROTECTION PARTNERSHIP PEACE

# ਸਾਂਝ

## ਕਮਿਊਨਿਟੀ ਅਤੇ ਪੰਜਾਬ ਪੁਲਿਸ ਦਾ ਇਕ ਮਿਲਵਰਤਣ



"ਕਮਿਊਨਿਟੀ ਪੁਲਿੰਸਿੰਗ ਦੀ ਵਿਆਪਕ ਮੋਢ ਜੋ ਕਿ ਕਮਿਊਨਿਟੀ ਦੇ ਲਈ ਅਤੇ ਕਮਿਊਨਿਟੀ ਪੁਲਿੰਸਿੰਗ ਰਾਹੀਂ ਮੰਨੀ ਜਾਂਦੀ ਸੀ, ਵੀ ਪੁਲਿਸ ਅਤੇ ਕਮਿਊਨਿਟੀ ਵਿਚਕਾਰ ਫਾਸਲੇ ਨੂੰ ਨਹੀਂ ਮਿਟਾ ਸਕੀ। ਕਮਿਊਨਿਟੀ ਦੇ ਰਾਹੀਂ ਕਮਿਊਨਿਟੀ ਪੁਲਿਸਿੰਗ ਦੇ ਮੈਂਬਰਾਂ ਦੀ ਹਿੱਸੇਦਾਰੀ ਸਹਿਯੋਗੀਆਂ ਵਜੋਂ ਸਾਫਟ ਪੁਲਿਸਿੰਗ ਵਿੱਚ ਜਿਵੇਂ ਕਿ ਟ੍ਰੈਫਿਕ ਪ੍ਰਬੰਧਨ, ਸਮਾਜਿਕ ਬੁਰਾਈਆਂ ਆਦਿ ਵਿੱਚ ਯਕੀਨੀ ਬਣਾਈ ਜਾ ਸਕੀ। ਕਮਿਊਨਿਟੀ ਪੁਲਿਸਿੰਗ ਦੀ ਇਸ ਕਿਸਮ ਦੀ ਸੂਝਬੂਝ ਜਾਂ ਕਟੌਤੀਨੁਮਾ ਸੀ ਜਾਂ ਵੱਧ ਤੋਂ ਵੱਧ ਲੋਕ ਸੰਪਰਕ ਸਰਗਰਮੀ ਤੇ ਸੀ। ਦੂਜੇ ਸ਼ਬਦਾਂ ਵਿੱਚ ਕਮਿਊਨਿਟੀ ਪੁਲਿਸਿੰਗ ਨਾ ਕੇਵਲ ਕਮਿਊਨਿਟੀ ਦੇ ਲਈ ਜਾਂ ਰਾਹੀਂ ਹੈ, ਬਲਕਿ ਲੋਕਾਂ ਦੇ ਸਾਥ ਨਾਲ ਰਲਕੇ ਕਰਨ ਵਾਲੀ ਹੈ।"

**ਡਾ. ਪ੍ਰਮੋਦ ਕੁਮਾਰ, ਚੇਅਰਮੈਨ**

ਪੰਜਾਬ ਗਵਰਨੈਂਸ ਰਿਫਾਰਮਜ਼ ਕਮਿਸ਼ਨ (ਪੀ.ਜੀ.ਆਰ.ਸੀ)

# ਕਮਿਊਨਿਟੀ ਪੁਲਿਸਿੰਗ ਇੱਕ ਫਲਸਫਾ

ਮਨੁੱਖੀ ਸਰੋਤ ਵਿਕਾਸ ਅਤੇ ਕਮਿਊਨਿਟੀ ਪੁਲਿਸਿੰਗ, ਪੰਜਾਬ, ਪੰਜਾਬ ਵਿੱਚ ਕਮਿਊਨਿਟੀ ਪੁਲਿਸਿੰਗ ਨੂੰ ਇੱਕ ਫਲਸਫੇ ਵਜੋਂ ਅਪਣਾਇਆ ਗਿਆ ਹੈ, ਨਾ ਕਿ ਇਕ ਪ੍ਰੋਗਰਾਮ ਵਜੋਂ ਅਤੇ ਇਸ ਨੂੰ ਦੂਰਦਰਸ਼ੀ ਰਾਬਰਟ ਪੀਲ ਦੇ ਨਜ਼ਰੀਏ ਤੋਂ ਪ੍ਰੇਰਨਾ ਮਿਲਦੀ ਹੈ, ਜਿਨ੍ਹਾਂ ਅਨੁਸਾਰ ਪੁਲਿਸ ਜਨਤਾ ਹੁੰਦੀ ਹੈ ਅਤੇ ਜਨਤਾ ਪੁਲਿਸ ਹੁੰਦੀ ਹੈ। ਇਸ ਫਲਸਫੇ ਵਿੱਚ ਪੁਲਿਸ ਅਤੇ ਕਮਿਊਨਿਟੀ ਸਭ ਤੋਂ ਪਹਿਲਾਂ ਆਪਣੀਆਂ ਸਮੱਸਿਆਵਾਂ ਦੀ ਸ਼ਨਾਖਤ ਕਰਦਾ ਹੈ ਅਤੇ ਫਿਰ ਕਮਿਊਨਿਟੀ ਦੀਆਂ ਉਮੰਗਾਂ ਤੇ ਖਰਾ ਉਤਰਦੇ ਹੋਏ ਕਮਿਊਨਿਟੀ ਸਮੱਸਿਆਵਾਂ ਦੇ ਹੱਲ ਲੱਭਣ ਵੱਲ ਮਿਲਜੁਲ ਕੇ ਕੰਮ ਕਰਦਾ ਹੈ।ਇਹ ਹੀ ਇਕ ਫਲਸਫਾ ਹੈ ਜਿਹੜਾ ਵਧੇਰੇ ਵਿਆਪਕ, ਸਲਾਹਕਾਰ ਦੀ ਬਹੁ ਦਿਸ਼ਾਵੀ ਭੂਮਿਕਾ, ਇੱਛੁਕ ਵਿਕੇਂਦਰੀਕ੍ਰਿਤ ਫੈਸਲਾ ਲੈਣ ਅਤੇ ਸਮੱਸਿਆ ਹੱਲ ਵਿੱਚ ਕਮਿਊਨਿਟੀ ਨੂੰ ਸ਼ਾਮਲ ਕਰਕੇ ਸੰਗਠਿਤ ਅਪਰਾਧ ਤੇ ਪੁਲਿਸਿੰਗ ਦੇ ਘੇਰੇ ਨੂੰ ਵਧਾਉਂਦਾ ਹੈ। ਮੰਨੇ-ਪ੍ਰਮੰਨੇ ਮਾਹਿਰ ਪ੍ਰੋ. ਡੇਵਿਡ ਬੇਲੀ ਕਮਿਊਨਿਟੀ ਪੁਲਿਸਿੰਗ ਬਾਰੇ ਇਕ ਉਚਿਤ ਨੁਕਤਾ ਉਠਾਉਂਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਜ਼ਿਆਦਾਤਰ ਦੇਸ਼ਾਂ ਵਿੱਚ ਪੁਲਿਸਿੰਗ ਨਾਲ ਸਮੱਸਿਆ ਇਹ ਹੈ ਕਿ ਇਹ ਹੈੱਡਕਵਾਰਟਰਾਂ ਵਿਖੇ ਹੀ ਕੇਂਦਰਿਤ ਕਰ ਦਿੱਤੀ ਗਈ ਹੈ ਅਤੇ ਵੱਖ-ਵੱਖ ਪਹੁੰਚਾਂ ਦੀ ਮੰਗ ਕਰ ਰਹੀਆਂ ਵੱਖ-ਵੱਖ ਲੋਕੈਲਟੀਜ਼ੀ ਵਿੱਚ ਹਾਲਤਾਂ ਦੇ ਵਖਰੇਂਵੇਂ ਨੂੰ ਸਮੇਟਣ ਵਿੱਚ ਅਸਫਲ ਰਹੀ ਹੈ। ਸਾਂਝ ਵਿੱਚ ਉਠਾਏ ਗਏ ਉਨ੍ਹਾਂ ਦੇ ਵਿਚਾਰ ਵਿੱਚ ਕਮਿਊਨਿਟੀ ਪੁਲਿਸਿੰਗ ਜਦੋਂ ਸਹੀ ਤੌਰ ਤੇ ਲਾਗੂ ਕੀਤੀਆਂ ਗਈਆਂ ਰਣਨੀਤੀਆਂ ਉਪਰ ਅਧਿਕਾਰਾਂ ਨੂੰ ਹੈੱਡਕਵਾਰਟਰਾਂ ਵਿੱਚ ਲੋਕਾਂ ਤੋਂ ਆਪ੍ਰੇਸ਼ਨਲ ਪਜ਼ੀਸ਼ਨਾਂ ਤੱਕ ਤਬਦੀਲ ਕਰ ਦਿੰਦੀ ਹੈ, ਜਿਵੇਂ ਕਿ ਐਸ.ਐਚ.ਓ. ਜਿਹੜੇ ਇੱਕ ਖਾਸ ਖੇਤਰ ਵਿੱਚ ਪੁਲਿਸਿੰਗ ਦੇ ਕਿਰਦਾਰ ਨੂੰ ਸਥਾਨਕ ਕਮਿਊਨਿਟੀ ਦੀ ਸ਼ਮੂਲੀਅਤ ਨਾਲ ਭੈਅ ਕਰਨ ਦੇ ਯੋਗ ਹਨ।

21ਵੀਂ ਸਦੀ ਵਿੱਚ ਇੱਕ ਜਾਗਰੂਕ ਜਨਤਾ ਦੀਆਂ ਉਮੀਦਾਂ ਦਾ ਹੁੰਗਾਰਾ ਭਰਨ ਲਈ ਪੁਲਿਸ ਬਲ ਨੂੰ ਸੇਵਾ ਮੁਖੀ ਬਣਾਉਣ ਲਈ ਇੱਕ ਵਿਵਹਾਰਿਕ ਤਬਦੀਲੀ ਲਈ ਪੰਜਾਬ ਵਿੱਚ ਲੋੜ ਮਹਿਸੂਸ ਕੀਤੀ ਗਈ ਹੈ। ਬੀਤੇ ਸਮੇਂ ਵਿੱਚ ਅਫਸਰਾਂ ਵਲੋਂ ਨਿੱਜੀ ਤੌਰ ਤੇ ਕਮਿਊਨਿਟੀ ਪੁਲਿਸਿੰਗ ਦੇ ਤਜ਼ਰਬਿਆਂ ਦੀ ਕੋਸ਼ਿਸ਼ ਕੀਤੀ ਗਈ ਪ੍ਰੰਤੂ ਰਾਜ ਵਿੱਚ ਕਮਿਊਨਿਟੀ ਪੁਲਿਸਿੰਗ ਦਾ ਸਿਧਾਂਤ ਸਾਲ 2003 ਵਿੱਚ ਮੁੜ ਘੜਿਆ ਗਿਆ ਅਤੇ ਇਸ ਨੂੰ ਇੱਕ ਸੰਸਥਾਗਤ ਢਾਂਚਾ ਮੁਹੱਇਆ ਕਰਵਾਇਆ ਗਿਆ।

ਪੁਲਿਸ ਅਤੇ ਕਮਿਊਨਿਟੀ ਦੀ ਇੱਕ ਸੰਗਠਿਤ ਕੋਸ਼ਿਸ਼ ' ਸਾਂਝ' ਫਲਸਫੇ ਨੂੰ ਸਬ-ਡਵੀਜ਼ਨਲ ਸਾਂਝ ਕੇਂਦਰਾਂ ਅਤੇ ਪੁਲਿਸ ਸਟੇਸ਼ਨ ਸਾਂਝ ਕੇਂਦਰਾਂ ਰਾਹੀਂ ਜ਼ਮੀਨੀ ਪੱਧਰ 'ਤੇ ਲਿਜਾਂਦੀ ਹੈ।

ਐਸ.ਕੇ.ਸ਼ਰਮਾ
ਆਈ.ਪੀ.ਐਸ.,ਏ.ਡੀ.ਜੀ.ਪੀ.
ਮਨੁੱਖੀ ਸ੍ਰੋਤ ਵਿਕਾਸ ਅਤੇ ਕਮਿਊਨਿਟੀ ਪੁਲਿਸਿੰਗ

# ਸਾਂਝ ਪ੍ਰਾਜੈਕਟ, 2010



ਸਾਂਝ ਨਾਮਕ ਵਕਾਰੀ ਪ੍ਰਾਜੈਕਟ ਰਾਜ ਵਿੱਚ 2010 ਵਿੱਚ ਸ਼ੁਰੂ ਕੀਤਾ ਗਿਆ ਸੀ, ਜਿਸ ਨੇ ਕਮਿਊਨਿਟੀ ਪੁਲਿਸਿੰਗ ਸੈਂਟਰ ਦੇ ਸਿਧਾਂਤ ਨੂੰ ਸਬ-ਡੀਵੀਜ਼ਨ ਅਤੇ ਪੁਲਿਸ ਥਾਣਾ ਪੱਧਰ ਤੱਕ ਫੈਲਾ ਦਿੱਤਾ। ਹੋਰ ਵੀ ਮਹੱਤਵਪੂਰਣ ਹੈ ਕਿ ਸਾਂਝ ਸੈਂਟਰਾਂ ਨੂੰ ਪੁਲਿਸ ਮਿਲਵਰਤਣ ਦਾ ਫੋਕਲ ਪੁਆਇੰਟ ਬਣਾ ਦਿੱਤਾ ਗਿਆ ਹੈ। ਸਾਲ 2010-11 ਵਿੱਚ ਸਾਂਝ ਪ੍ਰਾਜੈਕਟ ਲਈ ਰੁਪਏ 30 ਕਰੋੜ ਦੀ ਸਰਕਾਰੀ ਅਲਾਟਮੈਂਟ ਅਤੇ ਉਸ ਪਿੱਛੋਂ 2011-12 ਲਈ ਰੁਪਏ 30 ਕਰੋੜ ਦੀ ਹੋਰ ਸਹਾਇਤਾ ਦਿੱਤੀ ਗਈ ਸੀ। ਰਾਜ ਵਿੱਚ ਕਮਿਊਨਿਟੀ ਪੁਲਿਸਿੰਗ ਦੇ ਫਲਸਫੇ ਅਤੇ ਵਿਚਾਰ ਸੋਧਿਆ ਗਿਆ ਅਤੇ ਇੱਕ ਸ਼ੁੱਧ ਸੁਧਾਰਕ ਏਜੰਡਾ ਤਿਆਰ ਕੀਤਾ ਗਿਆ ਜਿਸ ਅਧੀਨ ਕਮਿਊਨਿਟੀ ਸ਼ਮੂਲੀਅਤ ਅਤੇ ਹਿੱਸੇਦਾਰੀ ਨਾਲ ਅਤੇ ਰਾਜ ਪੱਧਰੀ ਆਈ.ਟੀ. ਪਲੇਟਫਾਰਮ ਉਪਰ ਨਾਗਰਿਕਾਂ ਨੂੰ ਸੇਵਾਵਾਂ ਮੌਕੇ 'ਤੇ ਪ੍ਰਦਾਨ ਕਰਨ ਲਈ ਡਿਜ਼ਾਇਨ ਕੀਤਾ ਗਿਆ।





# ਸਾਂਝ ਕੇਂਦਰਾਂ ‘ਚ ਮੁਹੱਇਆ ਕਰਵਾਈਆ ਜਾਣ ਵਾਲੀਆਂ ਸੇਵਾਵਾਂ

### ਐਨ.ਆਰ.ਆਈਜ਼ ਐਂਡ ਵਿਦੇਸ਼ੀ ਕਾਊਂਟਰ

- ਵਿਦੇਸ਼ੀਆਂ ਦੇ ਆਗਮਨ ਅਤੇ ਰਵਾਨਗੀ ਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ।
- ਐਮ.ਆਰ.ਜੀ. ਪੁੱਛਗਿਛ–ਵਿਦੇਸ਼ਾਂ ਚ ਪਾਸਪੋਰਟ ਗੁੰਮ ਹੋ ਜਾਣ ਦੇ ਕੇਸ ਵਿੱਚ।
- ਟ੍ਰੈਵਲ ਏਜੰਟਾਂ ਵਲੋਂ ਫਰਾਡ ਅਤੇ ਧੋਖੇਬਾਜ਼ੀ ਦੀਆਂ ਸ਼ਿਕਾਇਤਾਂ।
- ਐਨ.ਆਰ.ਆਈ. ਸ਼ਿਕਾਇਤਾਂ ਅਤੇ ਪੁੱਛਗਿਛ।
- ਵਿਦੇਸ਼ੀਆਂ ਲਈ ਰਿਹਾਇਸ਼ ਪਰਮਿਟ ਦਾ ਵਾਧਾ।

### ਪੜਤਾਲ ਅਤੇ ਮਨਜ਼ੂਰੀ ਕਾਊਂਟਰ ਪੜਤਾਲਾਂ

- ਕਿਰਾਏਦਾਰਾਂ ਦੀ ਪੜਤਾਲ
- ਨੌਕਰਾਂ ਦੀ ਰਜਿਸ਼ਟ੍ਰੇਸ਼ਨ ਅਤੇ ਪੁੱਛਗਿਛ
- ਪਾਸਪੋਰਟ ਦੀ ਪੜਤਾਲ
- ਵਿਦੇਸ਼ੀ ਪ੍ਰਵਾਸ ਦੇ ਸਮੇਂ ਪੁਲਿਸ ਕਲੀਅਰੈਂਸ ਸਰਟੀਫਿਕੇਟ (ਪੀ.ਜੀ.ਸੀ.)
- ਵਾਹਨ ਦੀ ਪੜਤਾਲ
- ਨੌਕਰੀ ਲਈ ਆਚਰਨ ਪੜਤਾਲ

### ਟਰੈਫਿਕ ਪ੍ਰਬੰਧਕ ਪ੍ਰਣਾਲੀ

- ਟਰੈਫਿਕ ਚਲਾਨਾਂ ਦਾ ਭੁਗਤਾਨ
- ਜ਼ਬਤ ਕੀਤੇ ਗਏ ਵਾਹਨਾਂ ਦੀ ਸੂਚਨਾ
- ਖੇਤਰ ਵਿੱਚ ਟਰੈਫਿਕ ਸਮੱਸਿਆਵਾਂ ਤੇ ਕਮਿਊਨਿਟੀ ਦੀਆਂ ਸ਼ਿਕਾਇਤਾਂ ਅਤੇਸੁਝਾਅ ਪ੍ਰਾਪਤ ਕਰਨਾ।
- ਟਰੈਫਿਕ ਸਲਾਹਕਾਰ ਕਮੇਟੀ ਦੇ ਅੱਗੇ ਉਹ ਸੁਝਾਅ ਅਤੇ ਸ਼ਿਕਾਇਤਾਂ ਪੇਸ਼ ਕਰਨਾ।

### ਅਪਰਾਧ ਸੂਚਨਾ ਕਾਊਂਟਰ

- ਪਹਿਲੀ ਸੂਚਨਾ ਰਿਪੋਰਟ (ਐਫ.ਆਈ.ਆਰ.) ਦੀ ਨਕਲ ਲਈ ਅਰਜੀ
- ਅਨਟ੍ਰੇਸ ਰਿਪੋਰਟ ਦੀ ਰੱਦ ਕਰਨ ਬਾਰੇ ਨਕਲ ਲਈ ਬੇਨਤੀ।
- ਲਾਵਾਰਿਸ ਲਾਸ਼ ਬਾਰੇ ਸੂਚਨਾ।
- ਗੁਆਚੇ ਵਾਹਨ ਬਾਰੇ ਸੂਚਨਾ।
- ਗੁਆਚੀਆਂ ਚੀਜ਼ਾਂ ਅਤੇ ਦਸਤਾਵੇਜ਼ਾਂ ਲਈ ਅਰਜੀ।
- ਗੁਆਚੇ ਮੋਬਾਇਲ ਸੈਟ ਲਈ ਅਰਜ਼ੀ।
- ਗੁਆਚੇ ਵਿਅਕਤੀ/ਬੱਚੇ ਬਾਰੇ ਸੂਚਨਾ।

### ਮਨਜ਼ੂਰੀਆਂ

- ਮਨਜ਼ੂਰੀ ਅਤੇ ਬੇਨਤੀ (ਸਿਆਸੀ/ਖੇਡ/ ਧਾਰਮਿਕ ਅਤੇ ਸਮਾਜਿਕ ਸਮਾਰੋਹਾਂ ਚ ਸੁਰੱਖਿਆ ਪ੍ਰਬੰਧਾਂ ਲਈ)
- ਹਥਿਆਰਾਂ ਦੇ ਲਾਇਸੈਂਸ ਲਈ ਐਨ.ਓ.ਸੀ.।
- ਲਾਊਡ ਸਪੀਕਰ ਜਾਂ ਜਲੂਸ ਲਈ ਮਨਜ਼ੂਰੀ।

### ਆਰ.ਟੀ.ਆਈ. ਕਾਊਂਟਰ

- ਸੂਚਨਾ ਅਧਿਕਾਰ ਕਾਨੂੰਨ ਤਹਿਤ ਸਾਰੀਆਂ ਅਰਜ਼ੀਆਂ।

## ਪ੍ਰਮੁੱਖ ਵਿਸ਼ੇਸ਼ਤਾਵਾਂ

1. ਸਾਂਝ ਪ੍ਰਾਜੈਕਟ ਰਾਜ ਵਿੱਚ 27 ਪੁਲਿਸ ਜ਼ਿਲਿਆਂ, 114 ਤਹਿਸੀਲਾਂ ਅਤੇ 359 ਪੁਲਿਸ ਥਾਣਿਆਂ ਕਮਿਊਨਿਟੀ ਪੁਲਿਸ ਸਰੋਤ ਕੇਂਦਰਾਂ ਦੇ ਪ੍ਰਬੰਧਨ ਦਾ ਇੱਕ ਸੰਸਥਾਗਤ ਢਾਂਚਾ ਹੈ, ਜਿਨ੍ਹਾਂ ਨੂੰ ਸਾਂਝ ਕੇਂਦਰਾਂ ਦਾ ਨਾ ਦਿੱਤਾ ਗਿਆ ਹੈ।
2. ਪੁਲਿਸ ਹੈਡਕਵਾਰਟਰਜ਼ ਵਿਖੇ ਇੱਕ ਆਈ.ਜੀ.ਪੀ. ਦੀ ਅਗਵਾਈ ਿੱਵਚ ਇੱਕ ਕਮਿਊਨਿਟੀ ਮਾਮਲੇ ਡਵੀਜ਼ਨ ਰਾਜ ਭਰ ਵਿੱਚ ਸਾਂਝ ਕੇਂਦਰਾਂ ਦੀ ਕਾਰਗੁਜਾਰੀ ਦੀ ਨਿਗਰਾਨੀ ਕਰੇਗੀ, ਜ਼ੋਨਲ ਆਏ.ਜੀ.ਪੀ.ਜੀ. ਅਤੇ ਰੇਂਜ ਡੀ.ਆਈ.ਜੀ. ਸਾਲਸੀ ਨਿਗਰਾਨੀ ਪੱਧਰ ਦੇਖਣਗੇ।
3. ਸਾਂਝ ਕੇਂਦਰਾਂ ਨੂੰ ਇੱਕ ਵਿਲੱਖਣ ਪਛਾਣ ਦੇਣ ਲਈ ਸਾਰੇ ਕੇਂਦਰ ਦੀ ਇੱਕ ਮਿਆਰੀਕ੍ਰਿਤ ਫਰਨੀਚਰ, ਸਾਜ਼ ਸਜਾਵਟ ਅਤੇ ਦਿੱਖ ਨਾਲ ਇਕਸਾਰ ਡਿਜ਼ਾਈਨਡ ਬਿਲਡਿੰਗ ਹੋਵਗੀ।
4. ਸਾਰੇ ਸਾਂਝੇ ਕੇਂਦਰ ਰਜਿਸਟ੍ਰੇਸ਼ਨ ਆਫ ਸੁਸਾਇਟੀਜ਼ ਐਕਟ 1860 ਅਧੀਨ ਖੁਦਮੁਖਤਾਰ ਰਜਿਸਟਰਡ ਸੁਸਾਇਟੀਆਂ ਵਜੋਂ ਰਜਿਸਟਰਡ ਹਨ।
5. ਹਰੇਕ ਸਾਂਝ ਕੇਂਦਰ ਜ਼ਿਲਾ ਅਤੇ ਤਹਿਸੀਲ ਪੱਧਰ ਤੇ ਪੁਲਿਸ ਅਫਸਰਾਂ, ਸਰਕਾਰੀ ਵਿਭਾਗਾਂ ਦੇ ਪ੍ਰਤੀਨਿਧਾਂ, ਜਿਵੇਂ ਕਿ ਸਿਹਤ ਸਿਖਿਆ ਔਰਤਾਂ ਦੀ ਸ਼ਮੂਲੀਅਤ ਵਾਲੀ ਇੱਕ ਪੁਲਿਸ ਪਬਲਿਕ ਕਮੇਟੀ ਵਲੋਂ ਚਲਾਈ ਜਾਵੇਗੀ ਅਤੇ ਕਾਲਜਾਂ ਦੇ ਪ੍ਰਿੰਸੀਪਲਾਂ, ਪ੍ਰੋਫੈਸ਼ਨਲਾਂ ਅਤੇ ਸਿਵਲ ਸੁਸਾਇਟੀ, ਗੈਰ ਸਰਕਾਰੀ ਸੰਗਠਨਾਂ ਦੇ ਪ੍ਰਤੀਨਿਧ ਵੀ ਇਸ ਵਿੱਚ ਲਏ ਜਾਣਗੇ।
6. ਹਰੇਕ ਸਾਂਝ ਕੇਂਦਰ ਨਾਲ ਪੁਲਿਸ ਹੈਡਕਵਾਰਟਰਾਂ ਵਿਖੇ ਕੇਂਦਰੀਕ੍ਰਿਤ ਸਰਵਰ ਨਾਲ ਇੱਕ ਰਾਜ ਪੱਧਰੀ ਆਈ.ਟੀ. ਪਲੇਟਫਾਰਮ ਕੇਂਦਰੀਕ੍ਰਿਤ ਡਾਟਾ ਅਪਲੋਡਿੰਗ ਅਤੇ ਨਾਗਰਿਕ ਨੂੰ ਐਫ.ਆਈ. ਆਰਜ਼, ਅਨਟ੍ਰੇਸਡ ਰਿਪੋਰਟਾਂ, ਕੋਈ ਇਤਰਾਜ ਨਹੀਂ ਸਰਟੀਫਿਕੇਟਾਂ ਦੀਆਂ ਨਕਲਾਂ ਬਟਨ ਦੇ ਇੱਕ ਕਲਿੱਕ ਤੇ, ਇੱਕ ਸਮਾਂਬੱਧ ਫਰੋਮ ਵਿੱਚ ਮੁਹੱਇਆ ਕਰਾਉਣ ਦੇ ਯੋਗ ਹੋਵੇਗਾ। ਹਰੇਕ ਸਾਂਝ ਕੇਂਦਰ ਨਿਰਧਾਰਤ ਸਮਾਂ ਸੀਮਾਵਾਂ ਅੰਦਰ ਸਰਵਿਸ ਐਕਟ ਦੇ ਅਧਿਕਾਰ ਵਿੱਚ ਸ਼ਾਮਲ ਪੁਲਿਸ ਵਿਭਾਗ ਵਲੋਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਲੋਕਾਂ ਨੂੰ ਇੱਕੋ ਖਿੜਕੀ ਤੋਂ ਮੁਹੱਇਆ ਕਰਾਉਣਗ। ਰਾਜ ਦੇ ਕਿਸੇ ਹਿੱਸੇ ਤੋਂ ਨਾਗਰਕਿ ਦੂਰ-ਦੁਰਾਡੇ ਸਥਾਨਾਂ ਸਮੇਤ ਰਾਜ ਵਿੱਚ ਕਿਸੇ ਪੁਲਿਸ ਥਾਣੇ ਤੋਂ ਸੂਚਨਾ/ਸੇਵਾਵਾਂ ਪ੍ਰਾਪਤ ਕਰਨ ਲਈ ਨਜ਼ਦੀਕੀ ਸਾਂਝ ਕੇਂਦਰ ਤੇ ਪਹੁੰਚ ਕਰਨ ਦੇ ਯੋਗ ਹੋਣਗੇ।

7. ਸਾਂਝ ਕੇਂਦਰ ਸਥਾਨਕ ਤੌਰ ਤੇ ਸਬੰਧਿਤ ਕਮਿਊਨਿਟੀ ਮੁੱਖੀ ਪ੍ਰਾਜੈਕਟਾਂ ਦੀ ਯੋਜਨਾਬੰਦੀ ਅਤੇ ਲਾਗੂ ਕਰਨ ਵਿੱਚ ਕਮਿਊਨਿਟੀ ਦੀ ਪੁਲਿਸ ਨਾਲ ਹਿੱਸੇਦਾਰੀ ਲਈ ਪਲੇਟਫਾਰਮ ਹੋਣਗੇ। ਸਾਂਝ ਕਮੇਟੀ ਦੇ ਮੈਂਬਰਾਂ ਅਤੇ ਨਾਮਜ਼ਦ ਮਾਹਿਰਾਂ ਜਿਵੇਂ ਕਿ ਵਕੀਲਾਂ, ਮਨੋਵਿਗਿਆਨੀਆਂ, ਕੌਂਸਲਰਾਂ ਸਮੇਤ ਕਮੇਟੀ ਵਿੱਚ ਔਰਤਾਂ, ਬੱਚਿਆਂ, ਸੀਨੀਅਰ ਸਿਟੀਜ਼ਨਾਂ, ਗੈਰ ਨਿਵਾਸੀ ਭਾਰਤੀਆਂ ਨਾਲ ਸੰਬੰਧਤ ਵਿਵਾਦਾਂ ਅਤੇ ਹੋਰ ਘਰੇਲੂ ਅਤੇ ਸਮਾਜਿਕ ਝਗੜਿਆਂ ਜਿਵੇਂ ਕਿ ਕਿਰਾਏਦਾਰ-ਮਾਲਕ ਵਿਵਾਦ, ਤੇਜ਼ ਡਰਾਈਵਿੰਗ, ਅੰਡਰਏਜ਼ ਡਰਾਈਵਿੰਗ, ਜਨਤਕ, ਪ੍ਰੇਸ਼ਾਨੀ ਆਦਿ ਜਿਸ ਨਾਲ ਗੁਆਂਢ ਪ੍ਰਭਾਵਿਤ ਹੁੰਦਾ ਹੋਵੇ ਦੇ ਹੱਲ ਲਈ ਪੈਨਲਾਂ ਵਿੱਚ ਲੱਗੇ ਹੋਏ ਹਨ, ਸ਼ਾਮਿਲ ਹੋਣਗੇ।

8. ਸਾਂਝ ਸੈਂਟਰ ਕਾਨੂੰਨੀ ਸਹਾਇਤਾ, ਪੀੜਤ ਰਾਹਤ ਕੇਂਦਰਾਂ, ਮਹਿਲਾਂ ਪਨਾਹਘਰਾਂ ਅਤੇ ਗੈਰ-ਸਰਕਾਰੀ ਸੰਗਠਨਾਂ, ਜਿਹੜੇ ਸਮਾਜ ਦੇ ਲਾਭਹੀਣ ਵਰਗਾਂ ਦੇ ਸ਼ਕਤੀਕਰਨ ਲਈ ਕੰਮ ਕਰ ਰਹੇ ਹਨ, ਦੀਆਂ ਵਿਸ਼ੇਸ਼ ਸੇਵਾਵਾਂ ਤੱਕ ਪਹੁੰਚ ਕਰੇਗੀ।


ਸਾਂਝ ਦੀ ਟੀਮ ਲੋਕਾਂ ਦੀ ਮੱਦਦ ਕਰਦੀ ਹੋਈ

9. ਸਾਂਝ ਕੇਂਦਰਾਂ ਵਿੱਚ ਪਬਲਿਕ ਡੀਲਿੰਗ ਚ ਸ਼ਾਮਿਲ ਕਮਿਊਨਿਟੀ ਮੈਂਬਰਾਂ ਅਤੇ ਪੁਲਿਸ ਅਧਿਕਾਰੀਆਂ ਨੂੰ ਵੀ ਕਮਿਊਨਿਟੀ ਪੁਲਿਸਿੰਗ ਦੇ ਸਿਧਾਂਤ ਬਾਰੇ ਸਿਖਲਾਈ ਦਿੱਤੀ ਜਾਵੇਗੀ। ਇਸ ਸਿਖਲਾਈ ਵਿੱਚ ਇਹ ਯਕੀਨੀ ਬਣਾਉਣ ਵਿੱਚ ਇੱਕ ਨਿਰੰਤਰ ਪਕਿਰਿਆ ਹੋਵੇਗੀ ਕਿ ਢੁੱਕਵੀਆਂ ਸਹਿਜ ਨਿਪੁੰਨਤਾਵਾਂ ਅਤੇ ਪ੍ਰਬੰਧਕ ਨਿਪੁੰਨਤਾਵਾਂ ਇਸ ਸਫਲਤਾਪੂਰਵਕ ਲਾਗੂ ਕਰਨ ਲਈ ਸਾਂਝ ਪ੍ਰਾਜੈਕਟ ਦੀ ਹਿੱਸੇਦਾਰੀ ਵਿੱਚ ਵਿਕਸਿਤ ਕੀਤਾ ਜਾਵੇ।


ਕੋਰ ਟੀਮ


10. ਸਾਂਝ ਕੇਂਦਰ ਤਹਿਸੀਲ ਅਤੇ ਪੁਲਿਸ ਥਾਣਾ ਪੱਧਰ ਤੇ ਪੁਲਿਸ ਨਾਲ ਨਾਗਰਿਕ ਦੇ ਜ਼ਿਆਦਾਤਰ ਸੰਪਰਕਾਂ ਲਈ ਇਨ੍ਹਾਂ ਕੇਂਦਰਾਂ ਤੱਕ ਪਹੁੰਚ ਕਰਨ ਲਈ ਹਰੇਕ ਨਾਗਰਿਕ ਨੂੰ ਯੋਗ ਬਣਾਉਣਗੇ, ਜਿਥੇ ਇੱਕ ਟ੍ਰੇਂਡ ਸਟਾਫ ਸਭ ਤੋ ਪਹਿਲਾਂ ਨਾਗਰਿਕ ਨਾਲ ਸੰਪਰਕ ਕਰੇਗਾ, ਜਦ ਕਿ ਪੁਲਿਸ ਥਾਣਾ ਬਾਅਦ ਵਿੱਚ ਸੇਵਾਵਾਂ ਮੁਹੱਇਆ ਕਰਵਾਏਗਾ।


ਸਾਂਝ ਦਾ ਸਟਾਫ ਕੰਮ ਕਰਦੇ ਹੋਏ

## ਸਾਂਝ ਦਾ ਸੰਸਥਾਗਤ ਢਾਂਚਾ

ਰਾਜ ਪੱਧਰੀ ਸਲਾਹਕਾਰ ਕਮੇਟੀ: ਇਸ 25 ਮੈਂਬਰੀ ਰਾਜ ਸਲਾਹਕਾਰ ਕਮੇਟੀ ਰਾਜ ਵਿੱਚ ਕਮਿਊਨਿਟੀ ਪੁਲਿਸਿੰਗ ਪ੍ਰਾਜੈਕਟ ਦੀ ਯੋਜਨਾਬੰਦੀ ਅਤੇ ਲਾਗੂ ਕਰਨ ਲਈ ਪੁਲਿਸ ਹੈਡਕੁਆਰਟਰਜ਼ ਵਿੱਚ ਸਲਾਹਕਾਰ ਸੰਸਥਾ ਹੋਵੇਗੀ, ਜਿਸ ਦੀ ਅਗਵਾਈ ਡੀ.ਜੀ.ਪੀ. ਕਰਨਗੇ ਤੇ ਇਸ ਵਿੱਚ ਸਿੱਖਿਆ ਮਾਹਿਰ ਅਤੇ ਪੁਲਿਸ ਪ੍ਰੈਕਟੀਸ਼ਨਰ ਸ਼ਾਮਿਲ ਹੋਣਗੇ।

ਹੇਠ ਲਿਖਿਆਂ 6 ਪੜਾਵੀਂ ਪ੍ਰਸ਼ਾਸਨਿਕ ਢਾਂਚਾ ਰਾਜ ਵਿੱਚ ਕਮਿਊਨਿਟੀ ਪੁਲਿਸਿਗ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਬਣਾਇਆ ਗਿਆ ਹੈ :




## ਸਾਂਝ-ਪੁਲਿਸ ਅਤੇ ਕਮਿਊਨਿਟੀ ਦੇ ਸਹਿਯੋਗ ਦਾ ਮੰਚ

ਸਾਂਝ ਕਮੇਟੀ ਹਰ ਇੱਕ ਉਚਿਤ ਸਥਾਨਿਕ ਮਾਮਲੇ ਅਤੇ ਉਸਦੇ ਹੱਲ ਸਮਝਕੇ ਉਸਨੂੰ ਸੁਲਝਾਣ ਦੀ ਜ਼ਿੰਮੇਵਾਰੀ ਉਠਾਵੇਗੀ ਜਿਵੇਂ ਕਿ:

- ਨਸ਼ੀਲੀ ਦਵਾਈਆਂ ਦੀ ਲਤ ਅਤੇ ਉਸ ਨਾਲ ਜੀਵਨ ਵਿੱਚ ਹੋਣ ਵਾਲੇ ਪ੍ਰਭਾਵ,ਅਪਰਾਧ ਅਤੇ ਉਸ ਨਾਲ ਸੰਬੰਧਿਤ ਮਾਮਲੇ
- ਔਰਤਾਂ ਉਪਰ ਹੋਣ ਵਾਲੇ ਅੱਤਿਆਚਾਰ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਤਾਂ ਕਿ ਔਰਤਾਂ ਉਪਰ ਹੋਣ ਵਾਲੇ ਜ਼ੁਲਮ ਨੂੰ ਰੋਕਿਆ ਜਾ ਸਕੇ।
- ਯੋਨ ਅਪਰਾਧ ਨਾਲ ਪੀੜ੍ਹਤ ਵਿਅਕਤੀਆਂ ਨੂੰ ਮਨੋਵਿਗਿਆਨਕ, ਸਮੂਹਿਕ ਅਤੇ ਆਰਥਿਕ ਸਹਾਇਤਾ ਦੇਣ ਦੇ ਲਈ ਇੱਕ ਵਿਸ਼ੇਸ਼ ਸੰਗਠਨ ਦੀ ਸਥਾਪਨਾ
- ਸਥਾਨਕ ਆਵਾਜਾਈ ਨਾਲ ਸੰਬੰਧਿਤ ਸਮੱਸਿਆਵਾਂ, ਆਵਾਜਾਈ ਦੀ ਭੀੜ-ਭਾੜ ਨੂੰ ਘੱਟ ਕਰਨਾ ਅਤੇ ਭਾਗੀਦਾਰੀ ਦੁਆਰਾ ਗੈਰ-ਕਾਨੂੰਨੀ ਉਲੰਘਣ ਨੂੰ ਰੋਕਣਾ।
- ਸਮਾਜਿਕ ਅਤੇ ਆਰਥਿਕ ਮਾਮਲੇ ਜਿਵੇਂ ਬਾਲ ਅਪਰਾਧਾਂ ਦੀ ਕਾਉਂਸਲਿੰਗ, ਘਰੇਲੂ ਹਿੰਸਾ, ਖਾਸ ਥਾਵਾਂ ਤੇ ਹੋਣ ਵਾਲੀ ਛੇੜਤਾੜ ਦੀ ਵਾਰਦਾਤ, ਅਸਮਾਜਿਕ ਵਿਵਹਾਰ, ਅੱਧੀ ਰਾਤ ਨੂੰ ਲਾਊਡ ਸਪੀਕਰਾਂ ਦਾ ਇਸਤੇਮਾਲ ਅਤੇ ਧਾਰਮਿਕ ਅਤ ਵਿਆਹ ਦੇ ਪ੍ਰੋਗਰਾਮਾਂ ਨਾਲ ਹੋਣ ਵਾਲੀ ਆਵਾਜਾਈ ਦੀ ਭੀੜ-ਭਾੜ ਆਦਿ ਨੂੰ ਸੁਲਝਾਉਣਾ।
- ਉਪ-ਸੰਮਤੀਆਂ ਦੁਆਰਾ ਔਰਤਾਂ, ਬੱਚਿਆਂ, ਬਜ਼ੁਰਗਾਂ, ਐਨ.ਆਰ.ਆਈ. ਆਦਿ ਦੀਆਂ ਸ਼ਿਕਾਇਤਾਂ ਦੀ ਦੇਖ-ਰੇਖ।

## ਪੰਜਾਬ ਪੁਲਿਸ ਐਕਟ ਧਾਰਾ 14, 2007

ਜ਼ਿਲੇ ਦਾ ਇਕ ਸੀਨੀਅਰ ਪੁਲਿਸ ਕਪਤਾਨ, ਜ਼ਿਲੇ ਵਿੱਚ ਕਮਿਊਨਿਟੀ ਪੁਲਿਸ ਸਰੋਤ ਕੇਂਦਰ ਰਜਿਸਟਰਡ ਅਤੇ ਸਥਾਪਿਤ ਕਰਵਾਏਗਾ, ਜਿਸ ਵਿੱਚ ਹੋਰ ਚੀਜ਼ਾਂ ਤੋਂ ਇਲਾਵਾ ਪੁਲਿਸ ਸੇਵਾ ਪ੍ਰਦਾਨ ਕਰਨ ਦੀ ਮਸ਼ੀਨਰੀ ਅਤੇ ਪੁਲਿਸ ਸੇਵਾਵਾਂ ਨੂੰ ਚੁਸਤ-ਦਰੁਸਤ ਕਰਨਾ, ਇਸ ਦਾ ਉਦੇਸ਼ ਸੂਚਨਾ ਦਾ ਪ੍ਰਚਾਰ ਕਰਨਾ, ਜਨਤਕ ਮੁਸ਼ਕਲਾਂ ਦਾ ਨਿਵਾਰਨ, ਘਰੇਲੂ ਹਿੰਸਾ ਦੀ ਰੋਕਥਾਮ, ਬਜ਼ੁਰਗਾਂ ਦੀ ਸਹਾਇਤਾ, ਟ੍ਰੈਫਿਕ ਸਿੱਖਿਆ ਅਤੇ ਪ੍ਰਬੰਧਨ, ਬਾਲ ਸੁਰੱਖਿਆ, ਪੀੜਤਾਂ ਨੂੰ ਰਾਹਤ ਅਤੇ ਨਸ਼ਿਆਂ ਦੀ ਲਾਹਨਤ ਨੂੰ ਰੋਕਣਾ ਸ਼ਾਮਲ ਹੈ।



# ਸੇਵਾ ਅਧਿਕਾਰ ਕਾਨੂੰਨ, 2011 ਅਧੀਨ ਪੰਜਾਬ ਵਿੱਚ ਸਬ ਕੇਂਦਰਾਂ ਵਿਖੇ ਮੁਹੱਇਆ ਕਰਾਉਣ ਵਾਲੀਆਂ ਸੇਵਾਵਾਂ ਲਈ ਟਾਈਮ ਲਾਈਨਜ਼

| ਲੜੀ ਨੰ. | ਸੇਵਾ ਦਾ ਨਾਂ (ਕੰਮਕਾਜੀ ਦਿਨ) | ਦਿੱਤੀ ਗਈ ਸਮਾਂ ਸੀਮਾ | ਨਾਮਜ਼ਦ ਅਫਸਰ |
|---|---|---|---|
| 1. | ਵਿਦੇਸ਼ੀਆਂ ਦੀ ਰਜਿਸ਼ਟ੍ਰੇਸ਼ਨ (ਆਗਮਨ ਅਤੇ ਰਵਾਨਗੀ) | ਤੁਰੰਤ | ਪੁਲਿਸ ਕਮਿਸ਼ਨਰ ਜਾਂ ਸੰਬੰਧਿਤ ਪੁਲਿਸ ਜ਼ਿਲੇ ਦਾ ਸੀਨੀਅਰ ਪੁਲਿਸ ਕਪਤਾਨ |
| 2. | ਵਿਦੇਸ਼ੀਆਂ ਦੇ ਰਿਹਾਇਸ਼ੀ ਪਰਮਿਟ ਦਾ ਪਸਾਰ | 5 ਦਿਨ | ਪੁਲਿਸ ਕਮਿਸ਼ਨਰ ਜਾਂ ਸੰਬੰਧਿਤ ਪੁਲਿਸ ਜ਼ਿਲੇ ਦਾ ਸੀਨੀਅਰ ਪੁਲਿਸ ਕਪਤਾਨ |
| 3. | ਐਫ.ਆਈ.ਆਰ. ਜਾਂ ਡੀ.ਡੀ.ਆਰ. ਦੀ ਨਕਲ | ਤੁਰੰਤ/ ਆਨਲਾਈਨ | ਸੰਬੰਧਿਤ ਪੁਲਿਸ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ ਵਿਖੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਦਾ ਇੰਚਾਰਜ। |
| 4. | ਲਾਊਡ ਸਪੀਕਰਾਂ ਦੀ ਵਰਤੋਂ ਲਈ ਐਨ.ਓ.ਸੀ. | 5 ਦਿਨ | ਸੰਬੰਧਿਤ ਪੁਲਿਸ ਥਾਣ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ<br>ਪੱਧਰ ਤੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਸਪਾਂਸਰਡ ਈਵੈਂਟਸ ਆਦਿ ਲਈ ਸਟੇਸ਼ਨ ਹਾਊਸ ਅਫਸਰ |
| 5. | ਫੇਅਰਜ਼/ਮੇਲਿਆਂ/ਨੁਮਾਇਸ਼ਾਂ ਲਈ ਐਨ.ਓ.ਸੀ. | 5 ਦਿਨ | ਸੰਬੰਧਿਤ ਪੁਲਿਸ ਥਾਣਾ ਜਾਂ ਤਹਿਸੀਲ ਪੱਧਰ ਤੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਜਾਂ ਇੰਚਾਰਜ। |
| 6. | ਸਟਰੇਂਜਰ ਵੈਰੀਫਿਕੇਸ਼ਨ (ਹੋਰ ਜ਼ਿਲੇ/ਰਾਜ ਦਾ ਸਟਰੇਂਜ਼ਰ ਉਥੋਂ ਦੀ ਵੈਰੀਫਿਕੇਸ਼ਨ ਮਿਲਣ ਤੋਂ ਬਾਅਦ) | 5 ਦਿਨ | ਹੋਰ ਜ਼ਿਲੇ/ਰਾਜ ਤੋਂ ਜਿਸ ਦਾ ਜਾਂ ਰਾਜ ਦਾ ਅਜਨਬੀ ਨਿਵਾਸੀ ਹੈ ਤੋਂ ਥਾਣੇ ਜਾਂ ਕਮਿਊਨਿਟੀ ਪੁਲਿਸਿੰਗ ਦੇ ਇੰਚਾਰਜ ਤੋਂ ਸੰਬੰਧਿਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ। |
| 7. | ਕਿਰਾਏਦਾਰ /ਨੌਕਰ ਪੜਤਾਲ (ਸਥਾਨਕ ਖੇਤਰ ਦਾ ਨਿਵਾਸੀ) | 5 ਦਿਨ | ਸੰਬੰਧਿਤ ਪੁਲਿਸ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ ਵਿਖੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਦਾ ਇੰਚਾਰਜ। |
| 8. | ਕਿਰਾਏਦਾਰ ਨੌਕਰ ਪੜਤਾਲ ( ਜੇ ਕਿਸੇ ਹੋਰ ਜ਼ਿਲੇ/ ਰਾਜ ਦਾ ਨਿਵਾਸੀ ਹੈ ਅਤੇ ਹੋਰ ਜ਼ਿਲੇ/ਰਾਜ ਤੋਂ ਪੜਤਾਲ ਮਿਲਣ ਪਿਛੋਂ) | 5 ਦਿਨ | ਸੰਬੰਧਿਤ ਪੁਲਿਸ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ ਵਿਖੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਦਾ ਇੰਚਾਰਜ। |
| 9. | ਸੇਵਾਵਾਂ ਸੰਬੰਧੀ ਹੋਰ ਪੜਤਾਲ | 30 ਦਿਨ | ਸੰਬੰਧਿਤ ਪੁਲਿਸ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ ਵਿਖੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਦਾ ਇੰਚਾਰਜ। |
| 10. | ਸੜਕ ਹਾਦਸਾ ਕੇਸਾਂ ਵਿੱਚ ਅਨਟ੍ਰੇਸਡ ਰਿਪੋਰਟ ਦੀ ਨਕਲ | 45 ਦਿਨ | ਸੰਬੰਧਿਤ ਪੁਲਿਸ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ ਵਿਖੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਦਾ ਇੰਚਾਰਜ। |
| 11. | ਚਰੀਸ਼ੁਦਾ ਵਾਹਨਾਂ ਨਾਲ ਸੰਬੰਧਤ ਕੇਸਾਂ ਵਿੱਚ ਅਨਟ੍ਰੇਸਡ ਰਿਪੋਰਟ ਦੀ ਨਕਲ | 45 ਦਿਨ | ਸੰਬੰਧਿਤ ਪੁਲਿਸ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ ਵਿਖੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਦਾ ਇੰਚਾਰਜ। |

| | | | |
|---|---|---|---|
| 12. | ਚੋਰੀ ਦੇ ਕੇਸਾਂ ਵਿੱਚ ਅਨਟ੍ਰੇਸਡ ਰਿਪੋਰਟ ਦੀ ਨਕਲ | 60 ਦਿਨ | ਸੰਬੰਧਿਤ ਪੁਲਿਸ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਜਾਂ ਤਹਿਸੀਲ ਵਿਖੇ ਕਮਿਊਨਿਟੀ ਪੁਲਿਸਿੰਗ ਸੁਵਿਧਾ ਸੈਂਟਰ ਦਾ ਇੰਚਾਰਜ। |
| 13. | ਪ੍ਰੀ–ਓਨਡ ਵਾਹਨਾਂ ਦੀ ਐਨ.ਓ.ਸੀ. | 5 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |
| 14. | ਸਰਵਿਸ ਵੈਰੀਫਿਕੇਸ਼ਨ | 10 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |
| 15. | ਆਚਰਨ ਪੜਤਾਲ | 10 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |
| 16. | ਹਥਿਆਰ ਲਾਇਸੈਂਸ ਦੇ ਨਵੀਨੀਕਰਨ ਲਈ ਪੜਤਾਲ | 15 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |
| 17. | ਹਥਿਆਰ ਡੀਲਰ ਦਾ ਲਾਇਸੈਂਸ ਜਾਰੀ ਕਰਨ/ਰੈਨੂਅਲ ਲਈ ਐਨ.ਓ.ਸੀ. | 15 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |
| 18. | ਪੈਟਰੋਲ ਪੰਪ, ਸਿਨੇਮਾ ਹਾਲ ਆਦਿ ਦੀ ਸਥਾਪਨਾ ਲਈ ਐਨ.ਓ.ਸੀ. ਜਾਰੀ ਕਰਨਾ। | 15 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |
| 19. | ਪਾਸਪੋਰਟ ਪੜਤਾਲ | 21 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |
| 20. | ਨਵੇਂ ਹਥਿਆਰ ਲਾਇਸੈਂਸ ਲਈ ਪੜਤਾਲ | 30 ਦਿਨ | ਸੰਬੰਧਤ ਥਾਣੇ ਦਾ ਸਟੇਸ਼ਨ ਹਾਊਸ ਅਫਸਰ ਅਤੇ ਪੁਲਿਸ ਕਮਿਸ਼ਨਰ ਜਾਂ ਸੀਨੀਅਰ ਪੁਲਿਸ ਕਪਤਾਨ ਦੇ ਦਫਤਰ ਵਿੱਚ ਨਾਮਜ਼ਦ ਅਫਸਰ। |

| ਜ਼ਿਲ੍ਹਾ ਪੱਧਰੀ ਕਮੇਟੀਆਂ | | |
|---|---|---|
| ਐਸ.ਪੀ. ਜਾਂ ਡੀ.ਐਸ.ਪੀ. –<br>**ਕਨਵੀਨਰ**<br>ਲੋਕ ਨੁਮਾਇੰਦਾ –<br>**ਕੋ ਕਨਵੀਨਰ**<br>ਮੈਂਬਰਾਂ ਦੀ ਗਿਣਤੀ 25 ਤੋਂ ਵੱਧ ਨਹੀਂ ਹੋਣੀ ਚਾਹੀਦੀ | **ਸਰਕਾਰੀ ਮੈਂਬਰ**<br>• ਐਸ.ਪੀ. (ਹੈੱਡਕੁਆਟਰ) ਕਮ ਸਾਂਝ ਮਾਮਲੇ<br>• ਇਨਚਾਰਜ ਸੀਪੀਆਰਸੀ<br>• ਜ਼ਿਲ੍ਹਾ ਸਿਹਤ ਅਧਿਕਾਰੀ/ ਸਿਵਲ ਸਰਜਨ<br>• ਜ਼ਿਲ੍ਹਾ ਸਿਖਿਆ ਅਫਸਰ<br>• ਜ਼ਿਲ੍ਹਾ ਪ੍ਰੋਗਰਾਮ ਅਫਸਰ (ਇਸਤਰੀ ਅਤੇ ਬਾਲ ਵਿਕਾਸ ਅਤੇ ਸਮਾਜਿਕ ਸੁਰਖਿਆ ਵਿਭਾਗ)<br>• ਜ਼ਿਲਾ ਭਲਾਈ ਅਫਸਰ (ਪੱਛੜੀਆਂ ਅਤੇ ਅਨੁਸੂਚਿਤ ਜ਼ਾਤਾਂ ਦਾ ਭਲਾਈ ਵਿਭਾਗ)<br>• ਜ਼ਿਲ੍ਹਾ ਰੈੱਡ ਕਰਾਸ ਅਫਸਰ<br>• ਸਿਟੀ ਕੌਂਸਲ ਦਾ ਕਾਰਜਕਾਰੀ ਅਫਸਰ | **ਗੈਰ ਸਰਕਾਰੀ ਮੈਂਬਰ**<br>• 3 ਨੁਮਾਇੰਦੇ ਜ਼ਿਲ੍ਹਾ ਪੱਧਰੀ ਐਨਜੀਓਜ਼ ਦੇ ਨੁਮਾਇੰਦੇ<br>• 3 ਵਿਦਵਾਨ; ਹੇਠ ਲਿਖੇ ਖੇਤਰਾਂ ਵਿਚੋਂ ਹਰੇਕ ਚੋਂ ਇਕ<br>  ○ ਕਾਨੂੰਨ<br>  ○ ਮਨੁੱਖੀ ਅਧਿਕਾਰ (ਇਸਤਰੀਆਂ ਦੇ ਬਾਲ ਅਧਿਕਾਰ)<br>  ○ ਸਮਾਜ ਸ਼ਾਸਤਰ<br>• 2 ਕਾਲਜ ਪ੍ਰਿੰਸੀਪਲ<br>• 2 ਨੁਮਾਇੰਦੇ ਸਰਗਰਮ ਟਰੇਡ ਯੂਨੀਅਨ ਦੇ<br>ਨੋਟ: ਘਟੋ ਘਟ ਚਾਰ ਔਰਤਾਂ ਜ਼ਰੂਰ ਮੈਂਬਰ ਨਾਮਜ਼ਦ ਕੀਤੀਆਂ ਜਾਣ<br>**ਮਿਆਦ**: ਇਹ ਮੈਂਬਰ ਦੋ ਸਾਲਾਂ ਲਈ ਹੋਣਗੇ ਅਤੇ ਤਿੰਨ ਸਾਲਾਂ ਤਕ ਵਧਾਏ ਜਾ ਸਕਦੇ ਹਨ |

| ਉਪ ਮੰਡਲ ਪੱਧਰ ਦੀਆਂ ਕਮੇਟੀਆਂ | | |
|---|---|---|
| ਡੀ.ਐਸ.ਪੀ.(ਉਪ ਮੰਡਲ)<br>**ਕਨਵੀਨਰ**<br>ਲੋਕ ਨੁਮਾਇੰਦਾ<br>**ਕੋ ਕਨਵੀਨਰ**<br>ਮੈਂਬਰਾਂ ਦੀ ਗਿਣਤੀ 20 ਤੋਂ ਵੱਧ ਨਹੀਂ ਹੋਣੀ ਚਾਹੀਦੀ | **ਸਰਕਾਰੀ ਮੈਂਬਰ**<br>• ਡੀ.ਐਸ.ਪੀ. (ਉਪ ਮੰਡਲ) ਕਮ ਸਾਂਝ ਮਾਮਲੇ (ਕਨਵੀਨਰ)<br>• ਇਨਚਾਰਜ ਸੀਪੀਐਸਸੀ<br>• ਐਸ.ਡੀ.ਐਮ.<br>• ਐਸ.ਐਮ.ਓ.<br>• ਬਾਲ ਵਿਕਾਸ ਅਤੇ ਪੰਚਾਇਤ ਅਫਸਰ (ਸੀਡੀਪੀਓ)<br>• ਬਲਾਕ ਵਿਕਾਸ ਅਤੇ ਪੰਚਾਇਤ ਅਫਸਰ (ਬੀਡੀਪੀਓ) | **ਗੈਰ ਸਰਕਾਰੀ ਮੈਂਬਰ**<br>• ਸਕੂਲਾਂ/ਕਾਲਜਾਂ ਦੇ ਮੁੱਖੀ – 3<br>• ਐਨਜੀਓਜ਼ ਅਤੇ ਲੋਕਾਂ ਦੇ ਨੁਮਾਇੰਦੇ–5<br>• ਕਾਰੋਬਾਰੀ ਸੰਗਠਨਾਂ, ਨੌਜਵਾਨ ਕਲੱਬਾਂ, ਨਹਿਰੂ ਯੁਵਾ ਕੇਂਦਰਾਂ ਦੇ ਪ੍ਰਧਾਨ – 5<br>• ਸਮਾਜ ਸੇਵੀ (ਰਾਜ ਪੁਰਸਕਾਰ ਜੇਤੂ) – 2<br>ਨੋਟ: ਘਟੋ ਘਟ ਚਾਰ ਔਰਤਾਂ ਜ਼ਰੂਰ ਮੈਂਬਰ ਨਾਮਜ਼ਦ ਕੀਤੀਆਂ ਜਾਣ<br>**ਮਿਆਦ**: ਇਹ ਮੈਂਬਰ ਦੋ ਸਾਲਾਂ ਲਈ ਹੋਣਗੇ ਅਤੇ ਤਿੰਨ ਸਾਲਾਂ ਤਕ ਵਧਾਏ ਜਾ ਸਕਦੇ ਹਨ |

| **ਥਾਣਾ ਪੱਧਰ ਦੀਆਂ ਕਮੇਟੀਆਂ** | | |
|---|---|---|
| ਐਸ.ਐਚ.ਓ. **ਕਨਵੀਨਰ**<br>ਲੋਕ ਨੁਮਾਇੰਦਾ **ਕੋ ਕਨਵੀਨਰ**<br>ਮੈਂਬਰਾਂ ਦੀ ਗਿਣਤੀ 15 ਤੋਂ ਵੱਧ ਨਹੀਂ ਹੋਣੀ ਚਾਹੀਦੀ | **ਸਰਕਾਰੀ ਮੈਂਬਰ**<br>• ਐਸ.ਐਚ.ਓ. ਕਮ ਸਾਂਝ ਮਾਮਲੇ ਅਫਸਰ (ਕਨਵੀਨਰ)<br>• ਵਧੀਕ ਐਸ.ਐਚ.ਓ.<br>• ਸਮੂਹਿਕ ਸਿਹਤ ਕੇਂਦਰ ਦਾ ਮੈਡੀਕਲ ਅਫਸਰ<br>• ਕਾਲਜਾਂ/ਸਕੂਲਾਂ ਦੇ ਮੁੱਖੀ – 2 | **ਗੈਰ ਸਰਕਾਰੀ ਮੈਂਬਰ**<br>• ਐਨਜੀਓਜ਼ ਦੇ ਨੁਮਾਇੰਦੇ- 2<br>• ਇਲਾਕੇ ਦੇ ਕੌਂਸਲਰ/ਸਰਪੰਚ- 5<br>• ਰੈਜੀਡੰਟ ਵੈਲਫੇਅਰ ਸੰਗਠਨ/ ਪਿੰਡ ਕਮੇਟੀਆਂ ਦੇ ਨੁਮਾਇੰਦੇ-2<br>• ਸਮਾਜ ਸੇਵੀ- 2<br>ਨੋਟ: ਘਟੋ ਘਟ ਚਾਰ ਔਰਤਾਂ ਜ਼ਰੂਰ ਮੈਂਬਰ ਨਾਮਜ਼ਦ ਕੀਤੀਆਂ ਜਾਣ<br>**ਮਿਆਦ**: ਇਹ ਮੈਂਬਰ ਦੋ ਸਾਲਾਂ ਲਈ ਹੋਣਗੇ ਅਤੇ ਤਿੰਨ ਸਾਲਾਂ ਤਕ ਵਧਾਏ ਜਾ ਸਕਦ ਹਨ |

www.idcindia.org

Produced by :
Institute for Development and Communication (IDC)